ਮੁਹਾਲੀ ਦੇ ਫੇਜ਼-6 ਸਥਿਤ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਉਪਰੰਤ ਮਾਰਚ ਪਾਸਟ ਤੋਂ ਸਲਾਮੀ ਲੈਂਦੇ ਹੋਏ ਪੰਜਾਬ ਦੇ ਮਾਲ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ। ਤਸਵੀਰ : ਵਰਿੰਦਰਜੀਤ ਸਿੰਘ

ਮੁਹਾਲੀ ਦੇ ਫੇਜ਼-6 ਸਥਿਤ ਸਰਕਾਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਉਪਰੰਤ ਪਰੇਡ ਦਾ ਨਿਰੀਖਣ ਕਰਦੇ ਹੋਏ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ। ਤਸਵੀਰ : ਵਰਿੰਦਰਜੀਤ ਸਿੰਘ

ਮੁਹਾਲੀ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਲਹਿਰਾਇਆ ਕੌਮੀ ਝੰਡਾ

❒ ਲੰਬੇ ਸੰਘਰਸ਼ ਤੇ ਕੁਰਬਾਨੀਆਂ ਮਗਰੋਂ ਮਿਲੀ ਆਜ਼ਾਦੀ ਦੀ ਰੱਖਿਆ ਕਰਨੀ ਹਰ ਨਾਗਰਿਕ ਦਾ ਪਰਮ ਕਰਤੱਵ-ਬ੍ਰਹਮ ਸ਼ੰਕਰ

ਐੱਸ.ਏ.ਐੱਸ. ਨਗਰ, 16 ਅਗਸਤ (ਕੇ. ਐੱਸ. ਰਾਣਾ)-ਸਾਡੇ ਪੁਰਖਿਆਂ ਤੇ ਦੇਸ਼ ਭਗਤਾਂ ਦੇ ਲੰਬੇ ਸੰਘਰਸ਼ ਅਤੇ ਕੁਰਬਾਨੀਆਂ ਕਾਰਨ ਹੀ ਅੱਜ ਸਮੁੱਚੇ ਦੇਸ਼ ਵਾਸੀ ਆਜ਼ਾਦ ਫ਼ਿਜ਼ਾ 'ਚ ਸਾਹ ਲੈ ਰਹੇ ਹਨ, ਲਿਹਾਜ਼ਾ ਆਜ਼ਾਦੀ ਦੀ ਇਸ 75ਵੀਂ ਵਰ੍ਹੇਗੰਢ ਮੌਕੇ ਸਾਡੇ ਸਾਰਿਆਂ ਦਾ ਇਹ ਪਰਮ ਕਰਤੱਵ ਬਣਦਾ ਹੈ ਕਿ ਅਸੀਂ ਆਜ਼ਾਦੀ ਦੀ ਰੱਖਿਆ ਕਰੀਏ। ਇਹ ਸ਼ਬਦ ਪੰਜਾਬ ਦੇ ਮਾਲ ਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਬ੍ਰਹਮ ਸ਼ੰਕਰ ਨੇ ਸ਼ਹੀਦ ਮੇਜਰ ਹਰਮਿੰਦਰਪਾਲ ਸਿੰਘ ਸਰਕਾਰੀ ਕਾਲਜ ਫੇਜ਼-6 ਮੁਹਾਲੀ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਕੌਮੀ ਝੰਡਾ ਲਹਿਰਾਉਣ ਉਪਰੰਤ ਪੰਜਾਬੀਆਂ ਦੇ ਨਾਂਅ ਦਿੱਤੇ ਸੰਦੇਸ਼ 'ਚ ਕਹੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੀ ਇਮਾਨਦਾਰੀ ਨਾਲ ਯਤਨ ਕਰ ਰਹੀ ਹੈ ਅਤੇ ਆਉਣ ਵਾਲੇ ਦਿਨਾਂ 'ਚ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਸੰਘਰਸ਼ ਦੌਰਾਨ 80 ਫ਼ੀਸਦੀ ਤੋਂ ਕੁਰਬਾਨੀਆਂ ਪੰਜਾਬੀਆਂ ਵਲੋਂ ਦਿੱਤੀਆਂ ਗਈਆਂ ਹਨ, ਲਿਹਾਜ਼ਾ ਸਾਡੇ ਲਈ ਆਜ਼ਾਦੀ ਦਿਵਸ ਖਾਸ ਮਹੱਤਵ ਰੱਖਦਾ ਹੈ। ਉਨ੍ਹਾਂ ਪੰਜਾਬ ਦੀ ਆਪ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ ਹੁਣ ਤੱਕ ਦੇ ਛੋਟੇ ਜਿਹੇ ਕਾਰਜਕਾਲ ਦੌਰਾਨ 9 ਹਜ਼ਾਰ ਹੈਕਟੇਅਰ ਜ਼ਮੀਨ ਨੂੰ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਇਆ ਗਿਆ ਹੈ, ਜਦਕਿ ਨੈਸ਼ਨਲ ਫੂਡ ਸਕਿਊਰਿਟੀ ਐਕਟ ਤਹਿਤ 58 ਲੱਖ ਲਾਭਪਾਤਰੀਆਂ ਨੂੰ ਆਟੇ ਦੀ ਹੋਮ ਡਿਲਵਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਲੜਾਈ 'ਚ ਸਰਕਾਰ ਨੇ ਜ਼ੀਰੋ ਟੋਲਰੈਂਸ ਦੀ ਨੀਤੀ ਅਧੀਨ ਵੱਡੀ ਲੜਾਈ ਲੜੀ ਹੈ, ਜਿਸ ਕਾਰਨ ਸਰਕਾਰੀ ਦਫ਼ਤਰਾਂ 'ਚ ਭ੍ਰਿਸ਼ਟਾਚਾਰ ਬਿਲਕੁਲ ਖ਼ਤਮ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਬਿਨਾਂ ਕਿਸੇ ਖੱਜਲ-ਖੁਆਰੀ ਤੋਂ ਦੇਣ ਲਈ 122 ਹੋਰ ਸੇਵਾ ਕੇਂਦਰ ਖੋਲ੍ਹਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਈ-ਗਵਰਨੈਂਸ ਨੂੰ ਲਾਗੂ ਕਰਦਿਆਂ ਸਰਕਾਰ ਵਲੋਂ ਈ-ਸਟੈਂਪ ਦੀ ਸਹੂਲਤ ਲਾਗੂ ਕੀਤੀ ਗਈ ਹੈ, ਜਿਸ ਤਹਿਤ ਹੁਣ ਆਨਲਾਈਨ ਪ੍ਰਕਿਰਿਆ ਰਾਹੀਂ ਲੋਕਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਤੋਂ ਸਟੈਂਪ ਪੇਪਰ ਮਿਲ ਸਕਣਗੇ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਸਮਾਜ ਦੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਆਪਣੀ ਛੱਤ ਮੁਹੱਈਆ ਕਰਵਾਉਣ ਲਈ ਜਲਦ ਹੀ 25,000 ਨਵੇਂ ਮਕਾਨ ਬਣਾ ਕੇ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਕਿਸਾਨਾਂ ਲਈ ਤੀਜੀ ਫ਼ਸਲ ਦਾ ਬਦਲ ਦਿੱਤਾ ਗਿਆ, ਜਿਸ ਤਹਿਤ ਮੂੰਗੀ ਦੀ ਫ਼ਸਲ 'ਤੇ ਸਰਕਾਰ ਵਲੋਂ 7275 ਰੁ. ਪ੍ਰਤੀ ਕੁਇੰਟਲ ਦਾ ਰੇਟ ਦੇ ਕੇ ਸਾਰੀ ਫ਼ਸਲ ਦੀ ਲਿਫਟਿੰਗ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਲਈ ਸਰਕਾਰ ਵਲੋਂ 1500 ਰੁ. ਪ੍ਰਤੀ ਏਕੜ ਸਬਸਿਡੀ ਦੇ ਕੇ ਧਰਤੀ ਹੇਠਲੇ ਪਾਣੀ ਦੀ 30 ਫ਼ੀਸਦੀ ਬਚਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵਲੋਂ ਚੋਣਾਂ ਦੌਰਾਨ ਦਿੱਤੀਆਂ ਗਰੰਟੀਆਂ ਨੂੰ ਪੂਰਾ ਕਰਦੇ ਹੋਏ 52 ਲੱਖ ਘਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਯੋਜਨਾ ਦੀ ਸ਼ੁਰੂਆਤ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਵਲੋਂ ਸ੍ਰੀ ਆਨੰਦਪੁਰ ਸਾਹਿਬ, ਹੁਸ਼ਿਆਰਪੁਰ, ਤਲਵਾੜਾ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਖੇਤਰਾਂ 'ਚ 1100 ਕਰੋੜ ਰੁ. ਦੀਆਂ ਨਵੀਆਂ ਜਲ ਸਪਲਾਈ ਸਕੀਮਾਂ ਆਰੰਭ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮਿਲੇਗਾ। ਇਸੇ ਦੌਰਾਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਵਲੋਂ ਆਜ਼ਾਦੀ ਘੁਲਾਟੀਆਂ ਸਮੇਤ ਵੱਖ-ਵੱਖ ਖੇਤਰਾਂ 'ਚ ਸ਼ਲਾਘਾਯੋਗ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ, ਜਦਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਵਲੋਂ ਲੋੜਵੰਦਾਂ ਨੂੰ ਸਿਲਾਈ ਮਸ਼ੀਨਾਂ ਤੇ ਟ੍ਰਾਈ-ਸਾਈਕਲ ਦਿੱਤੇ ਗਏ। ਇਸ ਮੌਕੇ ਹਲਕਾ ਮੁਹਾਲੀ ਦੇ ਵਿਧਾਇਕ ਕੁਲਵੰਤ ਸਿੰਘ, ਏ. ਡੀ. ਜੀ. ਪੀ. ਸੁਰੱਖਿਆ ਐਸ. ਐਸ. ਸ੍ਰੀਵਾਸਤਵਾ, ਡਿਪਟੀ ਕਮਿਸ਼ਨਰ ਮੁਹਾਲੀ ਅਮਿਤ ਤਲਵਾੜ, ਜ਼ਿਲ੍ਹਾ ਪੁਲਿਸ ਮੁਖੀ ਵਿਵੇਕ ਸ਼ੀਲ ਸੋਨੀ ਤੇ ਆਪ ਆਗੂ ਹਰਸੁਖਇੰਦਰ ਸਿੰਘ ਬੱਬੀ ਬਾਦਲ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਸ਼ਹਿਰੀ ਪਤਵੰਤੇ ਤੇ ਸਕੂਲੀ ਬੱਚੇ ਹਾਜ਼ਰ ਸਨ।

ਸ੍ਰੀ ਅਨੰਦਪੁਰ ਸਾਹਿਬ, ਹੁਸ਼ਿਆਰਪੁਰ, ਤਲਵਾੜਾ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ 'ਚ ਜਲਦ ਸ਼ੁਰੂ ਹੋਣਗੀਆਂ 1100 ਕਰੋੜ ਦੀਆਂ ਨਵੀਆਂ ਜਲ ਸਪਲਾਈ ਸਕੀਮਾਂ

ਮੁਹਾਲੀ ਦੇ ਫੇਜ਼-6 ਸਥਿਤ ਸਰਕਾਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਦੀ ਪਤਨੀ ਦਾ ਸਨਮਾਨ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ, ਆਪ ਦੇ ਸੀਨੀਅਰ ਆਗੂ ਹਰਸੁਖਇੰਦਰ ਸਿੰਘ ਬੱਬੀ ਬਾਦਲ ਅਤੇ ਪ੍ਰਸ਼ਾਸਨਿਕ ਅਧਿਕਾਰੀ। ਤਸਵੀਰ : ਵਰਿੰਦਰਜੀਤ ਸਿੰਘ

1 MILLION
(DALBERGIA SISSOO)
ਮੁਹਾਲੀ ਦੇ ਫੇਜ਼-6 ਸਥਿਤ ਸਰਕਾਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਵਾਤਾਵਰਨ ਸੰਭਾਲ ਦਾ ਸੁਨੇਹਾ ਦਿੰਦੀ ਹੋਈ ਇਕ ਝਾਕੀ। ਤਸਵੀਰ : ਵਰਿੰਦਰਜੀਤ ਸਿੰਘ

ਮੁਹਾਲੀ ਦੇ ਫੇਜ਼-6 ਸਥਿਤ ਸਰਕਾਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਗਮ ਦੌਰਾਨ ਆਜ਼ਾਦੀ ਘੁਲਾਟੀਆਂ ਗੁਰਦੀਪ ਸਿੰਘ ਅਤੇ ਸਵਰਨ ਸਿੰਘ ਦਾ ਸਨਮਾਨ ਕਰਦੇ ਹੋਏ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਅਤੇ ਆਪ ਦੇ ਸੀਨੀਅਰ ਆਗੂ ਹਰਸੁਖਇੰਦਰ ਸਿੰਘ ਬੱਬੀ ਬਾਦਲ। ਤਸਵੀਰ : ਵਰਿੰਦਰਜੀਤ ਸਿੰਘ

ਸਿੱਖਿਆ ਬੋਰਡ 'ਚ 76ਵਾਂ ਸੁਤੰਤਰਤਾ ਦਿਵਸ ਮਨਾਇਆ

ਐੱਸ.ਏ.ਐੱਸ. ਨਗਰ, (ਤਰਵਿੰਦਰ ਸਿੰਘ ਬੈਨੀਪਾਲ)- 76ਵੇਂ ਸੁਤੰਤਰਤਾ ਦਿਵਸ ਮੌਕੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਹੜੇ ਵਿਚ ਰੰਗਾਰੰਗ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਪ੍ਰੋ. ਯੋਗਰਾਜ ਨੇ ਮੁੱਖ ਮਹਿਮਾਨ ਵਜੋਂ ਸਮਾਰੋਹ ਵਿਚ ਸ਼ਿਰਕਤ ਕਰਦੇ ਹੋਏ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਪ੍ਰੋ. ਯੋਗਰਾਜ ਨੇ ਭਾਰਤ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਤੇ ਦੇਸ਼-ਭਗਤਾਂ ਨੂੰ ਯਾਦ ਕਰਦੇ ਹੋਏ ਸ਼ਰਧਾਂਜਲੀ ਦਿੱਤੀ। ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਡਾ. ਵਰਿੰਦਰ ਭਾਟੀਆ ਵਲੋਂ ਵੀ ਇਸ ਮੌਕੇ ਆਪਣੇ ਸੰਬੋਧਨ ਵਿਚ ਆਜ਼ਾਦੀ ਦੀ ਲੜਾਈ ਵਿਚ ਸ਼ਹੀਦ ਹੋਏ ਯੋਧਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਵਲੋਂ ਅਜੋਕੀ ਪੀੜ੍ਹੀ ਨੂੰ ਆਜ਼ਾਦੀ ਦੇ ਮਹੱਤਵ ਨੂੰ ਸਮਝ ਕੇ ਨੌਜਵਾਨਾਂ ਨੂੰ ਵਿਦੇਸ਼ਾਂ ਵਿਚ ਜਾਣ ਦੀ ਬਜਾਏ ਆਪਣੇ ਦੇਸ਼ ਵਿਚ ਹੀ ਰਹਿ ਕੇ ਕੰਮ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਉਹ ਆਪਣੇ ਦੇਸ਼ ਦੀ ਤਰੱਕੀ ਵਿਚ ਆਪਣਾ ਯੋਗਦਾਨ ਦੇਣ। ਸਿੱਖਿਆ ਬੋਰਡ ਵਲੋਂ ਮਨਾਏ ਆਜ਼ਾਦੀ ਦਿਹਾੜੇ ਦੇ ਇਸ ਸਮਾਰੋਹ ਵਿਚ ਬੋਰਡ ਦੇ ਸਮੂਹ ਉਪ ਸਕੱਤਰ, ਸਹਾਇਕ ਸਕੱਤਰ, ਵਿਸ਼ਾ ਮਾਹਿਰਾਂ ਦੇ ਨਾਲ-ਨਾਲ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਵੱਡੀ ਗਿਣਤੀ ਵਿਚ ਹਾਜ਼ਰ ਸਨ। ਬੋਰਡ ਦੇ ਸੁਰੱਖਿਆ ਕਰਮਚਾਰੀਆਂ ਦੀ ਟੀਮ ਨੇ ਵੀ ਕੌਮੀ ਝੰਡੇ ਨੂੰ ਸਲਾਮੀ ਦਿੱਤੀ ਤੇ ਮਾਰਚ ਪਾਸਟ ਕੀਤਾ।

ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਪ੍ਰੋ. ਯੋਗਰਾਜ ਕੌਮੀ ਝੰਡਾ ਲਹਿਰਾਉਂਦੇ ਹੋਏ। ਤਸਵੀਰ: ਵਰਿੰਦਰਜੀਤ ਸਿੰਘ

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਮੀਰਪੁਰ ਵਿਖੇ ਮੁਹੱਲਾ ਕਲੀਨਿਕ ਦਾ ਕੀਤਾ ਉਦਘਾਟਨ

ਡੇਰਾਬੱਸੀ, 16 ਅਗਸਤ (ਗੁਰਮੀਤ ਸਿੰਘ)-ਡੇਰਾਬੱਸੀ ਹਲਕੇ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਮਾਨ ਸਰਕਾਰ ਵਲੋਂ ਬਣਾਏ ਗਏ ਆਮ ਆਦਮੀ ਕਲੀਨਿਕ 75ਵੇਂ ਆਜ਼ਾਦੀ ਦਿਹਾੜੇ ਮੌਕੇ ਲੋਕਾਂ ਨੂੰ ਸਮਰਪਿਤ ਕੀਤੇ ਗਏ। ਡੇਰਾਬੱਸੀ ਦੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸੈਕਟਰ-4 ਅਧੀਨ ਪੈਂਦੇ ਪਿੰਡ ਮੀਰਪੁਰ ਵਿਖੇ ਬਣੇ ਮੁਹੱਲਾ ਕਲੀਨਿਕ ਦਾ ਉਦਘਾਟਨ ਕਰਦਿਆਂ ਡੇਰਾਬੱਸੀ ਹਲਕੇ 'ਚ ਪੈਂਦੇ 7 ਮੁਹੱਲਾ ਕਲੀਨਿਕ 'ਚ ਸੇਵਾਵਾਂ ਸ਼ੁਰੂ ਕਰਵਾਈ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਮਾਨ ਸਰਕਾਰ ਵਲੋਂ ਕੀਤਾ ਇਕ ਹੋਰ ਵਾਅਦਾ ਅੱਜ ਪੂਰਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਸਰਕਾਰ ਵਲੋਂ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦੇ ਸਰਕਾਰ ਬਣਨ ਦੇ ਪੰਜ ਮਹੀਨੇ 'ਚ ਪੂਰੇ ਕੀਤੇ ਗਏ ਹੋਣ। ਜੋ ਕੰਮ ਆਮ ਤੌਰ 'ਤੇ ਸਰਕਾਰਾਂ ਆਖਰੀ ਛੇ ਮਹੀਨਿਆਂ 'ਚ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਪਹਿਲੀ ਲੜੀ ਤਹਿਤ ਸਰਕਾਰ ਵਲੋਂ ਸੂਬੇ 'ਚ 75 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜਿਨ੍ਹਾਂ ਦੀ ਗਿਣਤੀ ਆਉਣ ਵਾਲੇ ਦਿਨਾਂ 'ਚ ਹੋਰ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ 'ਚ ਕਰੀਬ 40 ਤਰ੍ਹਾਂ ਦੇ ਟੈਸਟਾਂ ਸਮੇਤ ਮੁਫ਼ਤ ਦਵਾਈਆਂ ਉਪਲਬੱਧ ਹੋਣਗੀਆਂ ਤੇ ਇਕ ਵਾਰ ਰਜਿਸਟਰ ਹੋਇਆ ਮਰੀਜ਼ ਕਿਸੇ ਵੀ ਆਮ ਆਦਮੀ ਕਲੀਨਿਕ 'ਤੇ ਜਾ ਕੇ ਆਪਣੀ ਪਰਚੀ ਦਿਖਾ ਕੇ ਇਲਾਜ ਜਾਰੀ ਰੱਖ ਸਕਦਾ ਹੈ।

ਮੀਰਪੁਰ ਵਿਖੇ ਮੁਹੱਲਾ ਕਲੀਨਿਕ ਦਾ ਉਦਘਾਟਨ ਕਰਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ। ਤਸਵੀਰ : ਗੁਰਮੀਤ ਸਿੰਘ

ਜੰਡਪੁਰ ਅਤੇ ਕਾਂਸਲ ਵਿਖੇ ਬਣੇ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ

ਖਰੜ, 16 ਅਗਸਤ (ਜੰਡਪੁਰੀ)-ਹਲਕਾ ਖਰੜ ਦੇ ਪਿੰਡ ਜੰਡਪੁਰ ਅਤੇ ਕਾਂਸਲ ਵਿਖੇ ਬਣੇ ਆਮ ਆਦਮੀ ਕਲੀਨਿਕਾਂ ਦਾ ਉਦਘਾਟਨ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਤਾ ਗਿਆ। ਇਹ ਦੋਵੇ ਉਦਘਾਟਨਾਂ ਦੀ ਨਿਵੇਕਲੀ ਪਹਿਲਕਦਮੀ ਕਰਦਿਆਂ ਉਥੇ ਪਹਿਲੀ ਵਾਰ ਇਲਾਜ ਲਈ ਆਏ ਮਰੀਜ਼ਾਂ ਨੇ ਹੀ ਕੀਤੇ। ਪਿੰਡ ਜੰਡਪੁਰ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਉਥੇ ਆਪਣੇ ਇਲਾਜ ਲਈ ਆਈ ਮਹਿਲਾ ਨਰਿੰਦਰ ਕੌਰ ਨੇ ਰੀਬਨ ਕੱਟ ਕੇ ਕੀਤਾ, ਜਦਕਿ ਕਾਂਸਲ ਵਿਖੇ ਆਪਣੇ ਇਲਾਜ ਲਈ ਆਏ ਆਮ ਆਦਮੀ ਕਲੀਨਿਕ ਦਾ ਉਦਘਾਟਨ ਅਮਰਜੀਤ ਕੌਰ ਅਤੇ ਗੁਰਮੀਤ ਕੌਰ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਐਸ. ਡੀ. ਐਮ. ਰਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਐਸ. ਡੀ. ਐਮ. ਰਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਕਿਹਾ ਕਿ ਕਲੀਨਿਕ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਮੈਡੀਕਲ ਅਫ਼ਸਰ, ਕਲੀਨਿਕਲ ਸਹਾਇਕ, ਫਾਰਮਾਸਿਸਟ, ਹੈਲਪਰ ਆਦਿ ਮੌਜੂਦ ਰਹਿਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਕਲੀਨਿਕ ਰਾਹੀਂ ਇਲਾਜ ਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਕਿਉਂਕਿ ਇਨ੍ਹਾਂ ਕਲੀਨਿਕਾਂ 'ਚ 41 ਤਰ੍ਹਾਂ ਦੇ ਮੈਡੀਕਲ ਟੈਸਟ ਮੁਫ਼ਤ ਕੀਤੇ ਜਾਣਗੇ। ਇਸ ਮੌਕੇ ਪਿੰਡ ਕਾਂਸਲ ਵਿਖੇ ਕਲੀਨਕ ਇੰਚਾਰਜ ਨਿਸ਼ਾ ਸ਼ਾਹੀ, ਜੋਧਾ ਸਿੰਘ ਮਾਨ, ਹਰਜੀਤ ਸਿੰਘ ਬੰਟੀ, ਹਰਪ੍ਰੀਤ ਸਿੰਘ ਜੰਡਪੁਰ, ਰਘਬੀਰ ਸਿੰਘ ਬੜਾਲਾ, ਰਵੀ ਰਾਣਾ ਤੋਗਾਂ, ਹਰਮੇਸ਼ ਮੇਸ਼ੀ, ਜੋਗਿੰਦਰ ਗਿਰ, ਪਰਮਜੀਤ ਕੌਰ, ਕਾਂਤਾ ਸ਼ਰਮਾ, ਪ੍ਰਿਤਪਾਲ ਸਿੰਘ, ਸੁਨੀਲ ਕੁਮਾਰ, ਅਨਿਲ ਭਾਟੀਆ, ਮਨਜੀਤ ਸਿੰਘ, ਮਹੇਸ਼ ਕੁਮਾਰ, ਚੰਦਰ ਪ੍ਰਕਾਸ਼, ਗੁਰਨਾਮ ਸਿੰਘ, ਦਰਬਾਰਾ ਸਿੰਘ, ਤਰਲੋਚਨ ਸਿੰਘ, ਪੂਰਨ ਸਿੰਘ, ਰਿਸ਼ੂ ਬਾਵਾ, ਸਿਕੰਦਰ, ਹਜ਼ੂਰਾ ਸਿੰਘ ਬਬਲਾ, ਜੋਗਿੰਦਰ ਸਿੰਘ ਤੋਂ ਇਲਾਵਾ ਪਿੰਡ ਵਾਸੀ ਅਤੇ ਆਪ ਵਲੰਟੀਅਰ ਹਾਜ਼ਰ ਸਨ।

ਜੰਡਪੁਰ ਵਿਖੇ ਆਮ ਆਦਮੀ ਕਲੀਨਿਕ ਦੇ ਉਦਘਾਟਨ ਮੌਕੇ ਮਰੀਜ਼ ਅਤੇ ਵਲੰਟੀਅਰ। ਤਸਵੀਰ : ਜੰਡਪੁਰੀ


ਪੰਜਾਬ ਸਰਕਾਰ
ਮੁੱਖ ਮੰਤਰੀ
ਭਗਵੰਤ ਮਾਨ
ਦੀ ਅਗਵਾਈ ਹੇਠ
ਦੇਸ਼ ਦੇ ਆਜ਼ਾਦੀ ਸੰਗਰਾਮ
ਦੌਰਾਨ ਆਪਣੇ ਪ੍ਰਾਣ ਨਿਛਾਵਰ ਕਰਨ ਵਾਲੇ
ਮਹਾਨ ਇਨਕਲਾਬੀ
ਸ਼ਹੀਦ ਮਦਨ ਲਾਲ ਢੀਂਗਰਾ
ਨੂੰ ਉਹਨਾਂ ਦੇ
ਸ਼ਹੀਦੀ ਦਿਵਸ
ਮੌਕੇ ਸ਼ਰਧਾਪੂਰਵਕ ਸਤਿਕਾਰ
ਭੇਟ ਕਰਦੀ ਹੈ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ
No: 13/366/2021/16352

ICICI Home Finance | **ਕਾਰਪੋਰੇਟ ਆਫਿਸ :** ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ ਆਈ.ਸੀ.ਆਈ.ਸੀ.ਆਈ., ਐੱਚ ਐੱਫ. ਸੀ. ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਈਸਟ), ਮੁੰਬਈ-400059, ਭਾਰਤ

ਸ਼ਾਖਾ ਦਫਤਰ : ਆਈ.ਸੀ.ਆਈ.ਸੀ ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ, ਐਸ ਸੀ ਓ ਨੰ. 333/338, ਸੈਕਟਰ 35/ਡੀ, ਦੂਸਰੀ ਮੰਜ਼ਿਲ, ਬੰਧਨ ਬੈਂਕ ਉੱਤੇ, ਚੰਡੀਗੜ੍ਹ-160035

(ਰੂਲ 8 (6) ਦੀ ਸ਼ਰਤ ਦੇਖੋ)

ਅਚੱਲ ਅਸਾਸਿਆਂ ਦੀ ਵਿਕਰੀ ਲਈ ਨੋਟਿਸ

ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀ ਸ਼ਰਤ ਨਾਲ ਪੜ੍ਹੇ ਜਾਂਦੇ ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ।

ਇਹ ਆਮ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਕਰਜ਼ਦਾਰਾਂ) ਅਤੇ ਗਾਰੰਟਰ (ਗਾਰੰਟਰਾਂ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨੂੰ ਚਾਰਜ/ਗਿਰਵੀ ਹੇਠ ਦਰਸਾਈ ਅਚੱਲ ਜਾਇਦਾਦ, ਜਿਸ ਦਾ ਫਿਜ਼ੀਕਲ ਕਬਜ਼ਾ ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ ਦੇ ਅਧਿਕਾਰਤ ਅਧਿਕਾਰੀ ਦੁਆਰਾ ਲੈ ਗਿਆ ਹੈ, ਜਿਸ ਨੂੰ ਹੇਠਾਂ ਦਿੱਤੇ ਸੰਖੇਪ ਵੇਰਵਿਆਂ ਦੇ ਅਨੁਸਾਰ 'ਜਿਵੇਂ ਹੈ ਜਿੱਥੇ ਹੈ', "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਵੀ ਉੱਥੇ ਹੈ" ਉੱਤੇ ਵਿਕਰੀ ਕੀਤਾ ਜਾਵੇਗਾ।

ਲੜੀ ਨੰ:	ਕਰਜ਼ਦਾਰ (ਕਰਜ਼ਦਾਰਾਂ)/ ਸਹਿ-ਕਰਜ਼ਦਾਰਾਂ/ਗਾਰੰਟਰਾਂ/ਕਾਨੂੰਨੀ ਵਾਰਿਸਾਂ ਦਾ ਨਾਂਅ/ਕਰਜ਼ ਖਾਤਾ ਨੰ:	ਜਾਣੇ ਜਾਂਦੇ ਝੰਜਟ, ਜੇਕਰ ਕੋਈ ਹਨ, ਸਹਿਤ ਸਕਿਓਰਡ ਐਸੇਟਸ ਦੇ ਵੇਰਵੇ	ਬਕਾਇਆ ਰਾਸ਼ੀ	ਰਾਖਵੀਂ ਕੀਮਤ ਬਿਆਨਾ ਰਕਮ ਜਮ੍ਹਾਂ	ਜਾਇਦਾਦ ਜਾਂਚ ਦੀ ਮਿਤੀ ਅਤੇ ਸਮਾਂ	ਨਿਲਾਮੀ ਦੀ ਮਿਤੀ ਅਤੇ ਸਮਾਂ
(ਏ)	(ਬੀ)	(ਸੀ)	(ਡੀ)	(ਈ)	(ਐੱਫ)	(ਜੀ)
1.	ਨਰੇਂਦਰਾ ਕਿਸ਼ੋਰ ਸਰਕਾਰ (ਕਰਜ਼ਦਾਰ) ਮਨੀਸ਼ਾ ਸਰਕਾਰ/ਮਾਂ ਤਾਰਾ ਬਿਲਡਿੰਗ ਐਂਡ ਕੰਟਰੈਕਟਰਜ਼ (ਸਹਿ-ਕਰਜ਼ਦਾਰ) ਕਰਜ਼ ਖਾਤਾ ਨੰ: NHDSS00000907852	ਫਲੈਟ ਨੰ: 223, ਦੂਸਰੀ ਮੰਜ਼ਿਲ, ਪਾਮ ਹਾਈਟਸ, ਪਿੰਡ ਹੈਬਤਪੁਰ ਰੋਡ ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ ਮੁਹਾਲੀ, ਪੰਜਾਬ।	ਰੁਪਏ 42,03,785/- 05 ਅਗਸਤ 2022	ਰੁਪਏ 22,66,250/- ਰੁਪਏ 2,26,625/-	14 ਸਤੰਬਰ 2022 11.00 ਸਵੇਰੇ 3.00 ਬਾ: ਦੁ:	20 ਸਤੰਬਰ, 2022 2.00 ਬਾ: ਦੁ: 3.00 ਬਾ: ਦੁ:
2.	ਪ੍ਰਦੀਪ ਕੁਮਾਰ ਬਿਸਵਾਸ (ਕਰਜ਼ਦਾਰ) ਸਵਿਤਾ ਬਿਸਵਾਸ (ਸਹਿ-ਕਰਜ਼ਦਾਰ) ਕਰਜ਼ ਖਾਤਾ ਨੰ: NHDSS0001253900	ਫਲੈਟ ਨੰ. 103, ਤੀਸਰੀ ਮੰਜ਼ਿਲ, ਸਾਈ ਅਪਾਰਮੈਂਟਸ, ਵਿਲੇਜ ਪੀਰ ਮੁਛੱਲਾ, ਜ਼ੀਰਕਪੁਰ, ਜ਼ਿਲ੍ਹਾ ਐਸ.ਏ.ਐਸ. ਨਗਰ ਮੁਹਾਲੀ, ਪੰਜਾਬ	ਰੁਪਏ 40,21,058/- 05 ਅਗਸਤ 2022	ਰੁਪਏ 20,18,750/- ਰੁਪਏ 2,01,875/-	14 ਸਤੰਬਰ 2022 11.00 ਸਵੇਰੇ 3.00 ਬਾ: ਦੁ:	20 ਸਤੰਬਰ, 2022 2.00 ਬਾ: ਦੁ: 3.00 ਬਾ: ਦੁ:
3.	ਵਿਕਰਮ ਜੀਤ ਵਿਜੇ (ਕਰਜ਼ਦਾਰ) ਕਾਜਲ ਸੇਠੀ (ਸਹਿ-ਕਰਜ਼ਦਾਰ) ਕਰਜ਼ ਖਾਤਾ ਨੰ: LHZMO00001316466	ਮ. ਨੰ. 166, ਈਡਨ ਸਿਟੀ, ਬਲਾਕ ਬੀ, ਖਰੜ, ਐਚ ਬੀ ਨੰ. 183, ਤਹਿ. ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ, ਖਸਰਾ ਨੰ. 965 (4-16), 96392-16), 966 (4-6), 967 (3-14), ਪੰਜਾਬ	ਰੁਪਏ 12,88,700/- 05 ਅਗਸਤ 2022	ਰੁਪਏ 13,49,662 .5/- ਰੁਪਏ 1,34,966/-	14 ਸਤੰਬਰ 2022 11.00 ਸਵੇਰੇ 3.00 ਬਾ: ਦੁ:	20 ਸਤੰਬਰ, 2022 2.00 ਬਾ: ਦੁ: 3.00 ਬਾ: ਦੁ:
4.	ਸੰਜੇ ਰੇਅ (ਕਰਜ਼ਦਾਰ) ਜੀਵਨ ਕੁਮਾਰ/ਰੇਖਾ ਦੇਵੀ (ਸਹਿ-ਕਰਜ਼ਦਾਰ) ਕਰਜ਼ ਖਾਤਾ ਨੰ: NHDSS0001247223	ਪਲਾਟ ਨੰ. 328, ਵਸੰਤ ਵਿਹਾਰ ਹੈਬਤਪੁਰ ਰੋਡ ਡੇਰਾਬੱਸੀ, ਜ਼ਿਲ੍ਹਾ ਐਸ.ਏ.ਐਸ. ਨਗਰ ਮੁਹਾਲੀ (ਪੰਜਾਬ)	ਰੁਪਏ 9,22,285/- 05 ਅਗਸਤ 2022	ਰੁਪਏ 6,84,000/- ਰੁਪਏ 68,400/-	14 ਸਤੰਬਰ 2022 11.00 ਸਵੇਰੇ 3.00 ਬਾ: ਦੁ:	20 ਸਤੰਬਰ, 2022 2.00 ਬਾ: ਦੁ: 3.00 ਬਾ: ਦੁ:

ਆਨਲਾਈਨ ਨਿਲਾਮੀ ਸਾਡੀ ਆਕਸ਼ਨ ਏਜੰਸੀ ਗਲੋਬ ਟੈੱਕ ਦੀ ਵੈੱਬਸਾਈਟ (ਯੂ ਆਰ ਐੱਲ ਲਿੰਕ-/ **https://BestAuctionDeal.com**) 'ਤੇ ਆਯੋਜਿਤ ਕੀਤੀ ਜਾਵੇਗੀ। ਗਿਰਵੀਕਾਰਾਂ/ਨੋਟਿਸੀ ਨੂੰ ਮਿਤੀ **19 ਸਤੰਬਰ** 2022 ਸ਼ਾਮ 05.00 ਵਜੇ ਤੱਕ ਤੋਂ ਪਹਿਲਾਂ ਹੋਰ ਵਿਆਜ ਸਹਿਤ ਕੁੱਲ ਬਕਾਏ ਅਦਾ ਕਰਨ ਦਾ ਇਕ ਆਖਰੀ ਮੌਕਾ ਦਿੱਤਾ ਜਾਂਦਾ ਹੈ ਕਿ ਉਪਰੰਤ ਇਨ੍ਹਾਂ ਸਕਿਓਰਡ ਐਸੇਟਸ ਨੂੰ ਉਪਰੋਕਤ ਸ਼ਡਿਊਲ ਅਨੁਸਾਰ ਵੇਚ ਦਿੱਤਾ ਜਾਵੇਗਾ।

ਸੰਭਾਵੀ ਬੋਲੀਕਾਰ (ਬੋਲੀਕਾਰਾਂ) ਨੂੰ 19 ਸਤੰਬਰ 2022 ਨੂੰ ਸ਼ਾਮ 04.00 ਵਜੇ ਜਾਂ ਇਸ ਤੋਂ ਪਹਿਲਾਂ **ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ, ਐਸ ਸੀ ਓ ਨੰ.** 333/338, **ਸੈਕਟਰ 35/ਡੀ, ਦੂਸਰੀ ਮੰਜ਼ਿਲ, ਬੰਧਨ ਬੈਂਕ ਉੱਤੇ, ਚੰਡੀਗੜ੍ਹ**-160035 ਵਿਖੇ ਬਿਆਨਾ ਰਕਮ ਜਮ੍ਹਾਂ (ਈ.ਐਮ.ਡੀ.) ਆਰ.ਟੀ.ਜੀ.ਐੱਸ./ਡਿਮਾਂਡ ਡਰਾਫਟ (ਡੀ.ਡੀ.) (ਹਵਾਲਾ ਕਾਲਮ ਈ) ਜਮ੍ਹਾਂ ਕਰਾਉਣਾ ਹੋਵੇਗਾ। ਕ੍ਰਿਪਾ ਕਰਕੇ ਨੋਟ ਕਰੋ, ਜੇਕਰ ਸੰਭਾਵੀ ਬੋਲੀਕਾਰ ਉਪਰੋਕਤ ਦਰਸਾਏ ਸਮੇਂ ਅਨੁਸਾਰ ਆਪਣੀ ਪੇਸ਼ਕਸ਼ ਪੇਸ਼ ਕਰਨ ਵਿਚ ਅਯੋਗ ਰਹਿੰਦੇ ਹਨ, ਤਾਂ ਟੈਂਡਰ ਦਸਤਾਵੇਜ਼ਾਂ ਦੀ ਹਸਤਾਖਰਤ ਕਾਪੀ ਮਿਤੀ 19 ਸਤੰਬਰ 2022 ਨੂੰ ਸ਼ਾਮ 05.00 ਵਜੇ ਜਾਂ ਇਸ ਤੋਂ ਪਹਿਲਾਂ **ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ ਐਸ ਸੀ ਓ ਨੰ.** 333/338, **ਸੈਕਟਰ 35/ਡੀ, ਦੂਸਰੀ ਮੰਜ਼ਿਲ, ਬੰਧਨ ਬੈਂਕ ਉੱਤੇ, ਚੰਡੀਗੜ੍ਹ**-160035 ਵਿਖੇ ਪੇਸ਼ ਕਰ ਸਕਦੇ ਹਨ। ਬਿਆਨਾ ਰਕਮ ਜਮ੍ਹਾਂ, ਡਿਮਾਂਡ ਡਰਾਫਟ (ਡੀ.ਡੀ.) ਚੰਡੀਗੜ੍ਹ ਵਿਖੇ ਅਦਾਇਗੀਯੋਗ ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ-ਆਕਸ਼ਨ ਦੇ ਪੱਖ ਵਿਚ ਇਕ ਰਾਸ਼ਟਰੀਕ੍ਰਿਤ ਸੂਚੀਬੱਧ ਬੈਂਕ ਤੋਂ ਹੋਣਾ ਚਾਹੀਦਾ ਹੈ।

ਜਾਂਚ ਦੇ ਸੰਬੰਧ ਵਿਚ ਕਿਸੇ ਹੋਰ ਸਪੱਸ਼ਟੀਕਰਨਾਂ, ਨਿਲਾਮੀ ਦੇ ਨਿਯਮ ਅਤੇ ਸ਼ਰਤਾਂ ਜਾਂ ਟੈਂਡਰਾਂ ਦੇ ਪੇਸ਼ ਕਰਨ ਲਈ, ਕ੍ਰਿਪਾ ਕਰਕੇ **ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ** ਨੂੰ 70210-72869 **ਸਾਡੇ ਸੇਲਜ਼ ਅਤੇ ਮਾਰਕੀਟਿੰਗ ਪਾਰਟਨਰ** ਨੇਕਸਜੇਨ ਸਲਿਊਸ਼ਨਜ਼ ਪ੍ਰਾਈਵੇਟ ਲਿਮਟਿਡ ਨੂੰ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਬਿਨਾਂ ਕੋਈ ਹੋਰ ਕਾਰਨ ਪੇਸ਼ ਕੀਤੇ ਕਿਸੇ ਜਾਂ ਸਾਰੀਆਂ ਬੋਲੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦੇ ਹਨ।

ਵਿਕਰੀ ਦੀਆਂ ਵਿਸਥਾਰਤ ਨਿਯਮ ਅਤੇ ਸ਼ਰਤਾਂ ਲਈ ਕ੍ਰਿਪਾ ਕਰਕੇ **https://www.icicihfc.com/** 'ਤੇ ਪਧਾਰੋ।

ਮਿਤੀ : 17 ਅਗਸਤ, 2022
ਸਥਾਨ : ਚੰਡੀਗੜ੍ਹ

ਅਧਿਕਾਰਤ ਅਧਿਕਾਰੀ
ਆਈ.ਸੀ.ਆਈ.ਸੀ.ਆਈ. ਹੋਮ ਫਾਈਨਾਂਸ ਕੰਪਨੀ ਲਿਮਟਿਡ